# ਦਫਤਰ ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ,
# ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, (ਮਾਈਕਰੋਸੌਫਟ ਬਿਲਡਿੰਗ)
# ਫੇਜ਼ 3ਬੀ 1, ਐਸ.ਏ.ਐਸ.ਨਗਰ।

## ਨੋਟਿਸ

*******

ਇਸ ਦਫਤਰ ਦੇ ਧਿਆਨ ਵਿਚ ਆਇਆ ਹੈ ਕਿ ਵਿਭਾਗ ਵਲੋ ਮਿਤੀ 14-9-18/29-9-18 ਨੂੰ 5178 ਪੇਡੂ ਸਹਿਯੋਗੀ ਅਧਿਆਪਕ ਅਤੇ ਮਿਤੀ 14-9-18/26-9-18 ਨੂੰ 3442 ਮਾਸਟਰ ਕਾਡਰ ਦੀ ਭਰਤੀ ਸਬੰਧੀ ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ -2 ਦਾ ਨਤੀਜਾ ਰਿਵਾਈਜ ਹੋਣ ਉਪਰੰਤ ਜੋ ਫੇਲ ਤੋ ਪਾਸ ਹੋਏ ਹਨ ਉਹਨਾਂ ਉਮੀਦਵਾਰਾਂ ਵਲੋ ਆਨ ਲਾਈਨ ਅਪਲਾਈ ਕਰਨ ਦੀ ਬਜਾਏ ਜਾਂ ਆਨ ਲਾਈਨ ਅਪਲਾਈ ਕਰਨ ਉਪਰੰਤ ਫਾਰਮ /ਅਰਜੀਆਂ ਸਮੇਤ ਬੈਕ ਡਰਾਫਟ , ਇਸ ਦਫਤਰ ਨੂੰ ਭੇਜੀਆਂ ਜਾ ਰਹੀਆਂ ਹਨ । ਜਦਕਿ ਵਿਭਾਗ ਵਲੋ ਕਿਸੇ ਵੀ ਉਮੀਦਵਾਰ ਪਾਸੋ ਹਾਰਡ ਕਾਪੀ ਅਤੇ ਕਿਸੇ ਵੀ ਤਰ੍ਹਾਂ ਦੀ ਫੀਸ ਦੀ ਮੰਗ ਨਹੀ ਕੀਤੀ ਗਈ । ਇਸ ਲਈ ਸਬੰਧਤ ਉਮੀਦਵਾਰਾਂ ਨੂੰ ਇਸ ਨੋਟਿਸ ਰਾਹੀ ਸੂਚਿਤ ਕੀਤਾ ਜਾਂਦਾ ਹੈ ਕਿ ਉਹ 3442 ਅਤੇ 5178 ਦੀ ਭਰਤੀ ਨਾਲ ਸਬੰਧਤ ਅਰਜੀਆਂ ਦੀ ਹਾਰਡ ਕਾਪੀ ਅਤੇ ਕਿਸੇ ਵੀ ਤਰਾਂ ਦੀ ਫੀਸ ਡਰਾਫਟ ਇਸ ਦਫਤਰ ਨੂੰ ਨਾ ਭੇਜਣ । ਇਹ ਵੀ ਸਪਸਟ ਕੀਤਾ ਜਾਂਦਾ ਹੈ ਕਿ ਉਮੀਦਵਾਰਾਂ ਵਲੋ ਭੇਜੀਆਂ ਗਈਆਂ ਸਿੱਧੀਆਂ ਅਰਜੀਆਂ ਤੇ ਕੋਈ ਕਾਰਵਾਈ ਨਹੀ ਕੀਤੀ ਜਾਵੇਗੀ ਅਤੇ ਪ੍ਰਾਪਤ ਅਰਜੀਆਂ ਨੂੰ ਸਿੱਧੇ ਤੌਰ ਤੇ ਰੱਦ ਕਰ ਦਿੱਤੀਆਂ ਜਾਣਗੀਆਂ ।

18/10/2018

ਡਿਪਟੀ ਡਾਇਰੈਕਟਰ(ਆਰ.ਡੀ)
ਸਿੱਖਿਆ ਭਰਤੀ ਡਾਇਰੈਕਟੋਰੇਟ , ਪੰਜਾਬ ।